# Prime Minister’s meeting with President of European Council and President of European Commission

October 29, 2021

…………………………………………………………………………………………………..

## ਯੂਰਪੀਅਨ ਕੌਂਸਲ ਅਤੇ ਯੂਰਪੀਅਨ ਕਮਿਸ਼ਨ ਦੇ ਪ੍ਰਧਾਨਾਂ ਨਾਲ ਪ੍ਰਧਾਨ ਮੰਤਰੀ ਦੀ ਬੈਠਕ

**29 ਅਕਤੂਬਰ, 2021**

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਯੂਰਪੀਅਨ ਕੌਂਸਲ ਦੇ ਪ੍ਰਧਾਨ ਮਹਾਮਹਿਮ ਸ਼੍ਰੀ ਚਾਰਲਸ ਮਿਸ਼ੇਲ ਅਤੇ ਯੂਰਪੀਅਨ ਕਮਿਸ਼ਨ ਦੀ ਪ੍ਰਧਾਨ ਮਹਾਮਾਹਿਮ ਸ਼੍ਰੀਮਤੀ ਉਰਸੁਲਾ ਵਾਨ ਡੇਰ ਲੇਅਨ ਨੇ ਰੋਮ ਵਿੱਚ ਹੋਏ 16ਵੇਂ G - 20 ਸਿਖ਼ਰ ਸੰਮੇਲਨ ਦੇ ਹਾਸ਼ੀਏ 'ਤੇ ਸਾਂਝੀ ਬੈਠਕ ਕੀਤੀ।

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਯੂਰਪੀ ਸੰਘ ਦੇ ਪ੍ਰਧਾਨਾਂ ਨੇ ਮਈ, 2021 ਵਿੱਚ ਹੋਈ ਭਾਰਤ-ਯੂਰਪੀਅਨ ਯੂਨੀਅਨ ਦੇ ਲੀਡਰਾਂ ਦੀ EU+27 ਅਤੇ ਜੁਲਾਈ, 2020 ਵਿੱਚ ਹੋਏ 15ਵੇਂ ਭਾਰਤ- ਯੂਰਪੀਅਨ ਯੂਨੀਅਨ ਸਿਖ਼ਰ ਸੰਮੇਲਨ  ਰਾਹੀਂ ਹੋਤਏ ਆਪਣੀ ਲਾਹੇਵੰਦ ਗੱਲਬਾਤ ਨੂੰ ਚੇਤੇ ਕੀਤਾ। ਇਸ ਬੈਠਕ ਦੌਰਾਨ, ਭਾਰਤ ਅਤੇ ਯੂਰਪੀਅਨ ਯੂਨੀਅਨ ਦੇ ਨੇਤਾਵਾਂ ਨੇ ਭਾਰਤ- ਯੂਰਪੀਅਨ ਯੂਨੀਅਨ ਸਹਿਯੋਗ ਦੀ ਸਮੀਖਿਆ ਕੀਤੀ ਜਿਸ ਵਿੱਚ ਸਿਆਸੀ ਅਤੇ ਸੁਰੱਖਿਆ ਸਬੰਧਾਂ, ਵਪਾਰ ਅਤੇ ਨਿਵੇਸ਼ ਅਤੇ ਆਰਥਿਕ ਸਹਿਯੋਗ ਦੇ ਨਾਲ-ਨਾਲ ਪਿਛਲੇ ਭਾਰਤ-ਯੂਰਪੀਅਨ ਯੂਨੀਅਨ ਸਿਖ਼ਰ ਸੰਮੇਲਨ ਵਿੱਚ ਅਪਣਾਏ ਗਿਆ ਰੋਡਮੈਪ 2025 ਵੀ ਸ਼ਾਮਲ ਸੀ। ਉਨ੍ਹਾਂ ਨੇ ਜਲਵਾਯੂ ਪਰਿਵਰਤਨ, COVID -19 ਮਹਾਂਮਾਰੀ ਅਤੇ ਦੋਹਾਂ ਪੱਖਾਂ ਦੇ ਹਿੱਤ ਦੇ ਅਜੋਕੇ ਆਲਮੀ ਅਤੇ ਖੇਤਰੀ ਘਟਨਾਕ੍ਰਮ ਬਾਰੇ ਵੀ ਚਰਚਾ ਕੀਤੀ।

ਯੂਰਪੀਅਨ ਯੂਨੀਅਨ ਦੇ ਨੇਤਾਵਾਂ ਨੇ ਵੀ ਭਾਰਤ ਨੂੰ ਟੀਕਾਕਰਨ ਦੇ ਮਾਮਲੇ 'ਚ ਕੀਤੀ ਤਰੱਕੀ 'ਤੇ ਵਧਾਈ ਦਿੱਤੀ।

ਰੋਮ
29 ਅਕਤੂਬਰ, 2021

DISCLAIMER: This is an approximate translation. The original is available in English on MEA’s website and may be referred to as the official press release.